# ਤੇਰੇ ਇਸ ਕਾਫ਼ਲੇ ਨੂੰ ਜਾਰੀ ਰੱਖਾਂਗੇ...

*—ਡਾ. ਸਾਹਿਬ ਸਿੰਘ*

ਭਾਅ ਜੀ ਗੁਰਸ਼ਰਨ ਸਿੰਘ ਨਹੀਂ ਰਹੇ।

ਭਾਅ ਜੀ ਗੁਰਸ਼ਰਨ ਸਿੰਘ ਸਾਨੂੰ ਛੱਡ ਕੇ ਚਲੇ ਗਏ।

ਪੰਜਾਬੀ ਨਾਟਕ ਦੇ ਬਾਬਾ ਬੋਹੜ ਸਰਦਾਰ ਗੁਰਸ਼ਰਨ ਸਿੰਘ ਸਾਨੂੰ ਵਿਛੋੜਾ ਦੇ ਗਏ।

ਇਹ ਸਾਰੇ ਵਾਕ ਕਿੰਨੇ ਅਰਥਹੀਣ ਤੇ ਪੋਤਲੇ ਨੇ...ਅਸੀਂ ਲਫ਼ਜ਼ਾਂ ਪੱਖੋਂ ਕਿੰਨੇ ਗਰੀਬ ਆਂ...27 ਸਤੰਬਰ ਦੀ ਰਾਤ ਜਦੋਂ ਮੇਰੇ ਫੋਨ 'ਤੇ ਇਹ ਸੰਦੇਸ਼ ਉਜਾਗਰ ਹੋ ਰਹੇ ਸਨ ਤਾਂ ਮੈਂ ਸਿਰਸੇ ਲਾਗੇ ਤਿੰਨ ਪਿੰਡਾਂ ਵਿਚ ਨਾਟਕਾਂ ਦੇ ਸ਼ੋਅ ਕਰਨ ਉਪਰੰਤ ਬਾਈ ਰਾਮ ਸਵਰਨ ਦੇ ਘਰ ਮੁਕਤਸਰ ਵਿਖੇ ਆਰਾਮ ਕਰਨ ਲਈ ਬੈੱਡ ਉੱਤੇ ਲੇਟਿਆ ਹੀ ਸੀ...ਮੈਂ ਕੁਝ ਵੀ ਬੋਲ ਨਹੀਂ ਸੀ ਪਾ ਰਿਹਾ, ਡੈਂਬੂਰਿਆਂ ਵਾਂਗ ਜਾਗੋਮੀਟੀ 'ਚ ਸਾਰਿਆਂ ਵੱਲ ਦੇਖ ਰਿਹਾ ਸੀ...ਕੀ ਇਹ ਸੱਚ ਐ ਕਿ ਭਾਅ ਜੀ ਸੱਚੀਂ...

26 ਸਤੰਬਰ ਨੂੰ ਭਾਅ ਜੀ ਦੀ ਸਿਹਤ ਅਚਾਨਕ ਖਰਾਬ ਹੋ ਗਈ ਸੀ, ਅਮਰਜੈਂਸੀ ਦੀ ਹਾਲਤ 'ਚ ਹਸਪਤਾਲ ਲੈ ਕੇ ਗਏ, ਇਲਾਜ ਹੋਇਆ, ਤੰਦਰੁਸਤ ਹੋ ਗਏ...ਅਗਲੇ ਦਿਨ ਉਨ੍ਹਾਂ ਦੀ ਬੇਟੀ ਨਵਸ਼ਰਨ ਵੀ ਪਹੁੰਚ ਗਏ ਆਪਣੇ ਜੀਵਨ ਸਾਥੀ ਅਤੁਲ ਸਮੇਤ...ਛੋਟੀ ਭੈਣ ਅਰੀਤ ਨੂੰ ਸਹਾਰਾ ਹੋ ਗਿਆ...ਭਾਅ ਜੀ ਦੇ ਚਿਹਰੇ 'ਤੇ ਖੇੜਾ ਆ ਗਿਆ...ਭਾਬੀ ਕੈਲਾਸ਼ ਹੌਸਲਾ ਫੜ ਗਈ...ਟੱਬਰ ਰਲ ਬੈਠਾ ਸੀ...ਬੀਤੇ ਦੀਆਂ ਗੱਲਾਂ ਸਾਂਝੀਆਂ ਹੋਈਆਂ...ਭਾਅ ਜੀ ਪ੍ਰਸੰਨ ਸਨ...ਲੋਕਾਂ ਦਾ ਚਹੇਤਾ ਗੁਰਸ਼ਰਨ ਸਿੰਘ ਸੰਤੁਸ਼ਟ ਸੀ...ਦੁਪਹਿਰਾ ਢਲ ਰਹੀਆਂ ਸਨ, ਜ਼ਿੰਦਗੀ ਖਿੜਖਿੜ ਕਰ ਰਹੀ ਸੀ...ਨਾਟਕ 'ਮਿੱਟੀ ਦਾ ਮੁੱਲ' ਦੀ ਮਿੰਦੋ ਨਵਸ਼ਰਨ ਆਪਣੇ ਰਾਮੇ ਅਤੁਲ ਨਾਲ ਧਰਵਾਸ ਦੇ ਰੇੜ੍ਹੇ 'ਚ ਬੈਠੀ ਉਸ ਦੀ ਚੜ੍ਹਦੀ ਕਲਾ ਦੀ ਅਰਦਾਸ ਕਰ ਰਹੀ ਸੀ, ਜਿੰਨੇ ਪੰਜਾਬ ਦੇ ਸਾਰੇ ਧੀਆਂ-ਪੁੱਤਾਂ ਦੇ ਸਿਰ 'ਤੇ ਅਸੀਸੀ ਹੱਥ ਧਰਿਆ ਹੋਇਆ...ਭਾਅ ਜੀ ਦੇ ਗੜਵਈ ਨੂੰ ਖੰਭ ਲੱਗ ਗਏ। ਉਹ ਨੂੰ ਅੰਬਰੀਂ ਤਾਰੇ ਚਮਕਦੇ ਦਿਸਣ ਲੱਗੇ...ਹਨੇਰਾ ਚਾਨਣ ਨੂੰ ਆਰਾਮ ਦੇਣ ਲਈ ਆਪਣਾ ਬਿਸਤਰਾ ਵਿਛਾਉਣ ਲੱਗਾ...ਗੱਲਾਂ-ਗੱਪਾਂ ਦਾ ਦੌਰ ਬੇਪ੍ਰਵਾਹ ਜਾਰੀ...ਖਾਣ-ਪੀਣ ਆਮ ਵਾਂਗ...ਸਮੇਂ ਦੀ ਟਿੱਕ-ਟਿੱਕ ਚਲ ਰਹੀ ਐ...ਕੁੱਲ

ਲੋਕਾਈ ਦੀ ਫਿਕਰ ਕਰਨ ਵਾਲਾ ਬਾਬਾ ਭਾਬੀ ਕੈਲਾਸ਼ ਨੂੰ ਕਹਿੰਦਾ ਹੈ, "ਸੌਂ ਜਾਓ, ਤੁਸੀਂ ਥੱਕ ਗਏ ਹੋਵੋਗੇ ?"...ਡਾਕਟਰ ਧੀ ਅਰੀਤ ਨੇ ਭਾਅ ਜੀ ਦੇ ਇੰਜੈਕਸ਼ਨ ਲਾ ਦਿੱਤਾ ਹੈ...ਹੁਣ ਪਾਪਾ ਆਰਾਮ ਕਰਨਗੇ...ਟੱਬਰ ਆਸ਼ਵੰਦ ਤੇ ਬੇਫਿਕਰ ਹੋ ਗਿਆ ਹੈ...ਭਾਅ ਜੀ ਸੌਂ ਗਏ ਹਨ...ਗੂੜ੍ਹੀ ਨੀਂਦੇ...ਟੱਬਰ ਦੇ ਮਨਾਂ 'ਚ ਫਿਕਰ ਕਰਵਟ ਲੈਂਦਾ ਹੈ...ਪਾਪਾ ਨੂੰ ਨੀਂਦ, ਐਨੀ ਛੇਤੀ...ਫਿਕਰ ਪਰੇਸ਼ਾਨੀ 'ਚ ਬਦਲਦਾ ਹੈ...ਪੰਜਾਬੀਆਂ, ਜਾਗਦੇ ਪੰਜਾਬੀਆਂ ਦੇ ਪਾਪਾ ਗੁਰਸ਼ਰਨ ਸਿੰਘ ਨੂੰ ਟੋਹ ਕੇ ਦੇਖਿਆ ਜਾਂਦਾ ਹੈ...ਉਹ ਹਰਕਤ ਨਹੀਂ ਕਰ ਰਹੇ...ਡਾਕਟਰ ਧੀ ਸਮਝ ਗਈ ਹੈ...ਦੱਬੇ ਕੁਚਲੇ ਲੋਕਾਂ ਦੇ ਫਿਕਰਾਂ ਦੀ ਬਾਂਹ ਫੜਨ ਵਾਲਾ ਬਾਦਸ਼ਾਹ ਲੰਮੇ ਆਰਾਮ ਤੇ ਚਲਾ ਗਿਆ ਹੈ...ਬੋਲਦਾ ਬਾਬਾ ਸ਼ਾਂਤ ਹੋ ਗਿਆ ਹੈ...ਕਹਿੰਦੇ ਨੇ ਕਿ ਧਰਤੀ ਹੇਠਲਾ ਬੌਲਦ ਜਦੋਂ ਮੋਢਾ ਬਦਲਦਾ ਹੈ ਤਾਂ ਧਰਤੀ ਕੰਬਦੀ ਹੈ, ਜਿਸ ਨੂੰ ਆਪੂੰ ਸਿਰਜੇ ਨਿੱਕੇ ਮੋਢਿਆਂ 'ਤੇ ਵਿਸ਼ਵਾਸ ਹੈ, ਉਹ ਦੋਵੇਂ ਮੋਢੇ ਫੇਡ ਆਊਟ ਕਰ ਦਿੱਤੇ ਹਨ...ਅਚਾਨਕ ਧਰਤੀ ਹਿੱਲਣ ਲੱਗੀ ਹੈ, ਨਿੱਕੇ ਮੋਢਿਆਂ ਨੂੰ ਸੰਭਲਣ ਤੇ ਸੰਭਾਲਣ ਲਈ ਸਮਾਂ ਚਾਹੀਦਾ ਹੈ।

ਮੇਰਾ 28 ਸਤੰਬਰ ਨੂੰ ਲੰਬੀ ਪਿੰਡ ਵਿਚ ਪ੍ਰੋਗਰਾਮ ਹੈ। ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਇਨਕਲਾਬੀ ਚੇਤਨਾ ਹਿੱਤ ਮਣਾਉਣ ਸੰਬੰਧੀ...ਪ੍ਰਬੰਧਕਾਂ ਨਾਲ ਸੰਪਰਕ ਸਾਧਿਆਂ ਜਾ ਰਿਹੈ...ਮੈਂ ਚੰਡੀਗੜ੍ਹ ਪਹੁੰਚਣੈ...ਆਪਣੇ ਪਿਓ ਦੀ ਅਰਥੀ ਨੂੰ ਮੋਢਾ ਦੇਣ...ਪ੍ਰਬੰਧਕ ਸੂਝਵਾਨ ਹਨ...ਉਨ੍ਹਾਂ ਪ੍ਰੋਗਰਾਮ ਵਾਲੇ ਸਥਾਨ 'ਤੇ ਸ਼ਹੀਦ ਭਗਤ ਸਿੰਘ ਦੀ ਵੱਡ-ਅਕਾਰੀ ਫੋਟੋ ਨਾਲ ਭਾਅ ਜੀ ਗੁਰਸ਼ਰਨ ਸਿੰਘ ਦੀ ਵੱਡੀ ਅਕਾਰੀ ਫੋਟੋ ਸਜਾ ਦਿੱਤੀ ਹੈ, ਤਸਵੀਰ ਅੱਗੇ ਫੁੱਲਾਂ ਦੀ ਟੋਕਰੀ ਰੱਖੀ ਹੈ, ਦਰਸ਼ਕ ਆ ਰਹੇ ਹਨ, ਦੋ ਮਹਾਂ ਨਾਇਕਾ ਨੂੰ ਇਕੋ ਸਮੇਂ ਇਕੋ ਜਿਹੀ ਸ਼ਰਧਾ ਨਾਲ, ਇਕੋ ਜਿਹੇ ਬਰਾਬਰ ਵਾਲੇ ਸਮਾਜ ਦਾ ਸੁਪਨਾ ਅੱਖਾਂ ਵਿਚ ਸੰਜੋਅ ਕੇ, ਇਕੋ-ਇਕ ਸਵੱਲੜੇ ਰਾਹ ਇਨਕਲਾਬੀ ਦੀ ਜ਼ਿੰਦਾਬਾਦ ਦੇ ਨਾਹਰਿਆਂ ਨਾਲ ਸ਼ਰਧਾਂਜਲੀ ਭੇਟ ਕਰ ਰਹੇ ਹਨ...ਕੌਣ ਕਹਿੰਦਾ ਕਲਾਕਾਰਾਂ ਦੀ ਲੋਕ ਕਦਰ ਨਹੀਂ ਕਰਦੇ, ਲੋਕਾਂ ਦੇ ਕਲਾਕਾਰ ਬਣਨ ਦੀ ਹਿਮੰਤ ਤਾਂ ਕਰੇ ਕੋਈ...ਭਾਅ ਜੀ ਨੇ ਇਹ ਦਲੇਰੀ ਕੀਤੀ ਸੀ...ਉਹ ਇਕ ਵੱਡੇ ਘਰ, ਇਕ ਉੱਚ ਖਾਨਦਾਨ ਦਾ ਗੋਭਲਾ ਜਿਹਾ ਕਾਕਾ ਸੀ, ਸਾਰੇ ਸੁੱਖ-ਆਰਾਮਾਂ ਨਾਲ ਲੱਦਿਆ ਪਿਆ ਨਿੱਕਾ ਗੁਰਸ਼ਰਨ ਸਿੰਘ...ਉਹ ਚਾਹੁੰਦਾ ਤਾਂ ਕੋਈ ਵੱਡਾ ਸਰਜਨ ਬਣ ਵੱਡੇ ਹਸਪਤਾਲ ਦੀ ਵੱਡੀ ਕੁਰਸੀ 'ਤੇ ਬੈਠ ਠੰਢੀ ਹਵਾ ਮਾਣ ਰਿਹਾ ਹੁੰਦਾ...ਪਰ ਉਸ ਨੇ ਸਮਾਜ ਅੰਦਰ ਫੈਲੇ ਦੀਰਘ ਰੋਗਾਂ ਦੀ ਜੜ੍ਹ ਪੁੱਟਣੀ ਸੀ। ਨਾਸੂਰ ਬਣੇ ਜ਼ਖਮ ਦੀ ਸਰਜਰੀ ਕਰਨੀ ਸੀ...ਖਿੱਲਰੀਆਂ ਜਟੂਰੀਆਂ ਵਾਲੇ ਗੰਦੀਆਂ ਬਸਤੀਆਂ 'ਚ ਰੁਲ ਰਹੇ ਅਨੇਕਾਂ ਗੁਰਸ਼ਰਨਾਂ ਦੀ ਜੂਨ ਸੁਧਾਰਨ ਲਈ ਧੁੱਪਾਂ ਆਪਣੇ ਪਿੰਡੇ 'ਤੇ ਹੰਢਾਉਣੀਆਂ ਸਨ, ਪੱਥਰੀਲੀਆਂ ਸੜਕਾਂ 'ਤੇ ਨੰਗੇ ਪੈਰੀਂ ਸਫਰ ਕਰਨਾ ਸੀ, ਟੁੱਟੇ ਵਾਣ ਵਾਲੀ ਮੰਜੀ 'ਤੇ ਬੈਠ ਕੇ ਭਾਈ ਲਾਲੋਆਂ ਦਾ ਪ੍ਰਸ਼ਾਦ ਛਕਣਾ ਸੀ, ਉੱਚੀ ਹੇਕ ਬਣ ਜਾਗਣ ਦਾ ਹੋਕਾ ਦੇਣਾ ਸੀ, ਉਸ ਨੇ ਤਾਂ ਲੋਕਾਂ ਦਾ ਆਪਣਾ

ਬਣਨਾ ਸੀ...ਲੋਕਾਂ ਦੀ ਨਬਜ਼ ਪਛਾਣ ਯੁੱਗਾਂ ਤੋਂ ਪੱਸਰੀ ਬੀਮਾਰੀ ਦੇ ਕਾਰਨ ਲੱਭਣੇ ਸਨ...ਤੇ ਉਨ੍ਹਾਂ ਇਹ ਕਰ ਦਿਖਾਇਆ...ਲੋਕਾਂ ਨਾਲ ਐਸੀ ਸਾਂਝ ਪਾਈ ਕਿ ਹਰ ਪਾਸੇ ਬਾਬੇ ਦੇ ਬੋਲਾਂ ਨੂੰ ਸੁਣਨ ਲਈ ਮਜ਼ਦੂਰ, ਕਿਸਾਨ, ਮੁਲਾਜ਼ਮ, ਬੱਚੇ, ਬੁੱਢੇ, ਜਵਾਨ, ਮੁਟਿਆਰਾਂ, ਮਾਈਆਂ ਸੰਘਰਸ਼ਾਂ 'ਚ ਰੁੱਝੇ ਕਾਮੇ ਉਤਾਵਲੇ ਹੋਣ ਲੱਗੇ...ਅਵਾਮ ਦੇ ਮਨਾਂ ਦੀ ਥਾਹ ਗੁਰਸ਼ਰਨ ਭਾਅ ਜੀ ਨੇ ਕਿੰਨੀ ਕੁ ਪਾਈ, ਇਹਦੇ ਲਈ ਕਿਸੇ ਆਲੋਚਕ ਦੇ ਵਿਸ਼ਲੇਸ਼ਨ ਦੀ ਲੋੜ ਨਹੀਂ...ਦੂਰਦਰਸ਼ਨ ਜਲੰਧਰ ਤੋਂ ਜਦੋਂ 'ਭਾਈ ਮੰਨਾ ਸਿੰਘ' ਲੜੀਵਾਰ ਚੱਲਦਾ ਹੁੰਦਾ ਸੀ ਤਾਂ ਲੋਕ ਪਹਿਲਾਂ ਹੀ ਆਪਣੀ ਰਾਤ ਦੀ ਰੋਟੀ ਦਾ 'ਕੰਮ' ਮੁਕਾ ਕੇ ਟਾਵੇਂ-ਟਾਵੇਂ ਘਰ 'ਚ ਲੱਗੇ ਟੈਲੀਵਿਜ਼ਨ ਦੇ ਅੱਗੇ ਜੁੜ ਬੈਠਦੇ ਸਨ ਤੇ ਸੱਥਾਂ 'ਚ ਗੱਪਸ਼ੱਪ ਅੰਦਰ ਭਾਅ ਜੀ ਦਾ ਇਹ ਸੰਵਾਦ ਅਕਸਰ ਗੂੰਜਦਾ ਸੀ, "ਭਾਈ ਮੰਨਾ ਸਿੰਆਂ ਇਨ੍ਹਾਂ ਨੂੰ ਕਹਿ ਦੇ"

ਮੁਕਤਸਰੋਂ ਚਲ ਅਸੀ ਭਾਅ ਜੀ ਦੇ ਘਰ ਪਹੁੰਚ ਗਏ ਹਾਂ। ਭਾਅ ਜੀ ਅਡੋਲ ਲੰਮੇ ਪਏ ਸਨ, ਸਿਰ 'ਤੇ ਸੋਹਣੇ ਤਰੀਕੇ ਨਾਲ ਪੱਗ ਬੱਝੀ ਸੀ, ਅੱਖਾਂ ਬੰਦ ਪਰ ਲੱਗਦਾ ਸੀ, ਜਿਵੇਂ ਸਭ ਦੇਖ ਰਹੇ ਐ...ਬੁੱਲ੍ਹਾਂ ਦੀ ਵਿਰਲ ਵਿਚੋਂ ਚਾਰ ਕੁ ਦੰਦ ਬਾਹਰ ਝਾਕ ਰਹੇ ਸਨ, ਭਾਅ ਜੀ ਜਦੋਂ ਕੋਈ ਮਜ਼ਾਕ ਕਰਦੇ ਤਾਂ ਇੰਞ ਹੀ ਚਾਰ ਕੁ ਦੰਦ ਬਾਹਰ ਆ ਜਾਇਆ ਕਰਦੇ ਸਨ...ਖੁਸ਼ੀ ਦੇ ਪਲਾ 'ਚ...ਭਾਅ ਜੀ ਅੱਜ ਕਿਸ ਗੱਲੋਂ ਖੁਸ਼ ਸਨ ਸਾਡੀਆਂ ਅੱਖਾਂ ਦੇ ਵਗਦੇ ਹੰਝੂ ਤਾਂ ਰੁਕਣ ਦਾ ਨਾਂਅ ਨਹੀਂ ਲੈ ਰਹੇ..ਪਰ ਭਾਅ ਜੀ ਜਿਵੇਂ ਹੱਸ ਕੇ ਕਹਿ ਰਹੇ ਹਨ "ਐਡੀ ਕੀ ਗੱਲ ਐ।" ਵੱਡੀ ਤੋਂ ਵੱਡੀ ਔਕੜ ਨੂੰ ਭਾਅ ਜੀ ਇਨ੍ਹਾਂ ਚਾਰ ਲਫਜ਼ਾਂ ਨਾਲ ਸਰ ਕਰ ਜਾਂਦੇ ਸੀ, ਮੁਸਕਰਾਉਂਦੇ ਚਾਰ ਦੰਦਾਂ ਸਮੇਤ...ਐਡੀ ਕੀ ਗੱਲ ਐ! ਭਾਅ ਜੀ ਕਿਤਾਬਾਂ ਛਾਪਦੇ, ਫਿਰ ਪ੍ਰੋਗਰਾਮਾਂ 'ਤੇ ਵੇਚਦੇ...ਕਦੇ ਘਾਟਾ ਪੈ ਜਾਂਦਾ, ਸੰਗੀ-ਸਾਥੀ ਝੋਰਾ ਕਰਦੇ, ਭਾਅ ਜੀ ਨਾ ਡੋਲਦੇ...ਐਡੀ ਕੀ ਗੱਲ ਐ ਹੋਰ ਛਾਪਾਂਗੇ...ਛੋਟੀ ਧੀ ਅਰੀਤ ਦੀ ਵਿਵਾਹਕ ਜ਼ਿੰਦਗੀ 'ਚ ਵਿਘਨ ਪਿਆ, ਭਾਅ ਜੀ ਨੇ ਤੁਰੰਤ ਫੈਸਲਾ ਕਰ ਲਿਆ, ਸਾਮਾਨ ਚੁੱਕ ਆਪਣੇ ਘਰ ਆ ਜਾ, ਐਡੀ ਕੀ ਗੱਲ ਐ।...ਕਿਸੇ ਪ੍ਰਬੰਧਕ ਦਾ ਫਿਕਰ ਕੰਨੀ ਚੁੱਕਦਾ ਕਿ ਭਾਅ ਜੀ ਫੰਡ ਚੱਜ ਨਾਲ ਇਕੱਠਾ ਨਹੀਂ ਕਰ ਸਕੇ, ਬਸ ਆਹ 200 ਈ ਐ...ਭਾਅ ਜੀ ਬਿਨਾਂ ਗਿਣਿਆਂ ਪੈਸੇ ਬੋਝੇ ਪਾ ਲੈਂਦੇ, ਰੋਜ਼ ਟੁਰੇ ਰਹਿਨੇ ਆਂ, ਪੈਸੇ ਆ ਜਾਣਗੇ...ਐਡੀ ਕੀ ਗੱਲ ਐ। ਕਾਮਰੇਡਾਂ ਦੇ ਮੱਤਭੇਦ ਭਾਅ ਜੀ ਤਕ ਪਹੁੰਚਦੇ। ਭਾਅ ਜੀ ਦੋਵੇ ਧਿਰਾਂ ਬਿਠਾ ਲੈਂਦੇ...ਮੰਜ਼ਲ ਤਾਂ ਇਕੋ ਹੀ ਐ, ਰਾਹ ਵੱਖਰੇ ਨੇ, ਟੁਰਦੇ ਰਹੋ ਸਾਂਝ ਪੈ ਜਾਏਗੀ, ਐਡੀ ਕੀ ਗੱਲ ਐ...ਭਾਅ ਜੀ ਨਾਲ ਕਲਾਕਾਰ ਜੁੜਦੇ, ਟੁੱਟਦੇ, ਫਿਰ ਜੁੜਦੇ, ਭਾਅ ਜੀ ਦਾ ਕਾਫਲਾ ਨਾ ਰੁਕਦਾ, ਉਹ ਨਵੇਂ ਤੋਂ ਨਵੇਂ ਢਿੱਲੇ-ਮੱਠੇ ਕਲਾਕਾਰਾਂ ਦੇ ਮੋਢੇ ਪੰਜਾਲੀ ਪਾਉਣ ਲੱਗਿਆ ਇਕ ਮਿੰਟ ਨਾ ਲਾਉਂਦੇ, ਅੱਜ ਸੁਸਤ ਨੇ ਕੱਲ ਚੁਸਤ ਹੋ ਜਾਣਗੇ, ਐਡੀ ਕੀ ਗੱਲ ਐ।...ਏਦਾਂ ਸੁਸਤ ਤੋਂ ਚੁਸਤ ਹੋਇਆ ਦੀ ਲੰਬੀ ਲਿਸਟ ਹੈ ਤਕਰੀਬਨ ਪੰਜ ਸੌ...ਮਿਥਿਹਾਸ ਧ੍ਰਿਤਰਾਸ਼ਟਰ ਦੇ ਸੌ

ਪੁੱਤ ਦੱਸਦਾ...ਭਾਅ ਜੀ ਦੇ ਪੰਜ ਸੌ ਧੀਆਂ-ਪੁੱਤ ਨੇ, ਪੰਜ ਸੌ ਧੀਆਂ-ਪੁੱਤਾਂ ਵਾਲਾ ਬਾਪੂ ਅੱਜ ਇਕ ਨਿਵੇਕਲੇ ਸਫਰ 'ਤੇ ਇਕੱਲਾ ਜਾ ਰਿਹੈ, ਸਭ ਨੂੰ ਰੋਂਦੇ ਵਿਲਕਦੇ ਛੱਡ ਕੇ ਪਰ ਉਸ ਦੀਆਂ ਬੰਦ ਅੱਖਾਂ ਦਾ ਤੇਜ਼ ਰੋਣੋਂ ਵਰਜ ਰਿਹੈ "ਸਿੱਧੇ ਹੋ ਕੇ ਜ਼ਿੰਦਗੀ ਦਾ ਸੰਗਰਾਮ ਲੜੋ, ਐਡੀ ਕੀ ਗੱਲ ਐ।"

ਮੈਂ ਭਾਅ ਜੀ ਦੇ ਪੈਰ ਕੋਲ ਬੈਠ ਗਿਆ ਹਾਂ, ਪੈਰ ਫੁੱਲਾਂ ਨਾਲ ਢੱਕੇ ਹੋਏ ਹਨ। ਭਾਅ ਜੀ ਨੂੰ ਫੁੱਲਾਂ ਨਾਲ ਬੜਾ ਪਿਆਰ ਸੀ, ਭਾਅ ਜੀ ਨੂੰ ਬੜੀਆਂ ਚੀਜ਼ਾਂ ਨਾਲ ਪਿਆਰ ਸੀ, ਖਾਣ-ਪੀਣ ਦੇ ਸ਼ੌਕਾਂ ਦੀ ਲਿਸਟ ਬੜੀ ਲੰਬੀ...ਚੰਡੀਗੜ੍ਹੋਂ ਚੱਲ ਸੰਗਰੂਰ, ਮਾਨਸਾ ਵੱਲ ਪ੍ਰੋਗਰਾਮ 'ਤੇ ਜਾਣਾ ਹੁੰਦਾ ਤਾਂ ਪਟਿਆਲੇ ਦੇ ਫੁਹਾਰਾ ਚੌਕ ਵਿਚ ਕੋਨੇ 'ਤੇ ਬਣੀ ਹੱਟ 'ਤੇ ਬਰੈੱਡ ਪਕੌੜੇ ਖਾਣੇ ਨਾ ਭੁੱਲਦੇ... ਜਲੰਧਰ ਵੱਲ ਜਾਣਾ ਹੁੰਦਾ ਤਾਂ ਜਾਡਲਾ ਪਿੰਡ ਦੇ ਅੱਡੇ 'ਚ ਗੋਲੇ ਵਾਲੀ ਚਾਹ ਦੀ ਨਿੱਕੀ ਜਿਹੀ ਦੁਕਾਨ ਦੀ ਚਾਹ ਬੜੇ ਸੁਆਦ ਨਾਲ ਪੀਂਦੇ...ਮੱਛੀ, ਚਿਕਨ, ਮੀਟ, ਉਬਲੇ ਅੰਡੇ...

ਲੋਕਾਂ ਨੂੰ ਵੀ ਸਮਝਾਉਂਦੇ ਕਿ ਜਿਨ੍ਹਾਂ ਦਿਨਾਂ 'ਚ ਸਰ੍ਹੋਂ ਦਾ ਸਾਗ ਬਹੁਤ ਖਾਂਦੇ ਓ ਨਾਲ ਉਬਲੇ ਅੰਡੇ ਖਾਇਆ ਕਰੋ, ਖੁਰਾਕ ਦੀ ਪੌਸ਼ਟਕਤਾ ਬਣੀ ਰਹੇਗੀ...ਭਾਅ ਜੀ ਦੇ ਫਿਕਰਿਆਂ ਤੇ ਟੋਟਕਿਆਂ ਦੀ ਲਿਸਟ ਲੰਮੀ ਹੈ, ਇਕ ਵਾਰ ਪ੍ਰੋਗਰਾਮ 'ਤੇ ਜਾ ਰਹੇ ਸੀ ਤਾ ਫੀਅਟ ਗੱਡੀ ਦਾ ਟਾਇਰ ਵਾਰ-ਵਾਰ ਪੰਕਚਰ ਹੋਈ ਜਾਵੇ, ਤੀਸਰੀ ਵਾਰ ਪੰਕਚਰ ਹੋਇਆ ਤਾਂ ਭਾਅ ਜੀ ਦਾ ਪਾਰਾ ਸੱਤਵੇਂ ਅਸਮਾਨ 'ਤੇ ਚੜ੍ਹ ਗਿਆ, ਡਰਾਇਵਰ ਨੂੰ ਕਹਿੰਦੇ, "ਤੈਨੂੰ ਪਤੈ ਤੇਰੀ ਗੱਡੀ ਦੇ ਟਾਇਰ ਵਾਰ-ਵਾਰ ਪੈਂਚਰ ਕਿਉਂ ਹੁੰਦਾ, ਕਿਉਂਕਿ ਤੂੰ ਗੱਡੀ ਹੌਲੀ ਚਲਾਉਂਦਾ ਏਂ।" ਡਰਾਇਵਰ ਭਾਅ ਜੀ ਦੇ ਮੂੰਹ ਵੱਲ ਦੇਖੇ ਕਿ ਸਪੀਡ ਦਾ ਪੰਕਚਰ ਨਾਲ ਕੀ ਸੰਬੰਧ, ਪਰ ਭਾਅ ਜੀ ਦਾ ਵਿਸ਼ਲੇਸ਼ਣ ਜਾਰੀ ਸੀ, "ਸੜਕ 'ਤੇ ਨਿੱਕੇ-ਨਿੱਕੇ ਤਿੱਖੀਆਂ ਨੋਕਾਂ ਵਾਲੇ ਪੱਥਰ ਹੁੰਦੇ ਨੇ, ਤੇਜ਼ ਚਲਾਓ ਤਾਂ ਟਾਇਰ ਉਨ੍ਹਾਂ ਨੂੰ ਦਰੜ ਕੇ ਅੱਗੇ ਲੰਘ ਜਾਂਦੇ ਤੇ ਜੇ ਹੌਲੀ ਚਲਾਓ ਤਾਂ ਉਨ੍ਹਾਂ ਨੋਕਾਂ ਨੂੰ ਖੁੱਭਣ ਲਈ ਸਪੇਸ ਤੇ ਸਮਾਂ ਵੱਧ ਮਿਲ ਜਾਂਦੈ।" ਭਾਅ ਜੀ ਆਪਣੇ ਸੰਗਰਾਮੀ ਸਫਰ 'ਤੇ ਵੀ ਇੰਞ ਈ ਛੋਟੀਆਂ ਔਕੜਾਂ ਨੂੰ ਦਰੜ ਕੇ ਲੰਘਦੇ ਰਹੇ, ਕਦੀ ਸਪੇਸ ਤੇ ਸਮਾਂ ਨਹੀਂ ਦਿੱਤਾ ਕਿ ਭਾਅ ਜੀ ਨੂੰ ਆਪਣੇ ਇਰਾਦਿਆਂ ਤੋਂ ਭਟਕਾ ਸਕਣ। ਬੜੇ ਲੰਮੇ ਅਰਸੇ ਤਕ ਯੂਨੀਵਰਸਿਟੀਆਂ 'ਚ ਬੈਠੇ ਵਿਦਵਾਨ ਤੇ ਕੁਝ ਭਾਅ ਜੀ ਦੇ ਖੱਬੇ ਸੱਜੇ ਵਿਚਰਦੇ ਮਹਾਨ ਨਾਟਕਕਾਰ ਗੁਰਸ਼ਰਨ ਸਿੰਘ ਨੂੰ ਨਾਟਕਕਾਰ ਮੰਨਣ ਤੋਂ ਵੀ ਆਕੀ ਰਹੇ, ਪਰ ਭਾਅ ਜੀ ਨੇ ਆਪਣੀ ਗੱਡੀ ਤੇਜ਼ ਭਜਾਈ ਰੱਖੀ ਤੇ ਮਨੋ ਮਨੀ 'ਐਡੀ ਕੀ ਗੱਲ ਐ' 'ਆਲ ਇਜ਼ ਵੈੱਲ' ਵਾਲਾ ਨੁਸਖਾ ਅਲਾਪਦੇ ਰਹੇ...ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਵਿਚ ਭਾਅ ਜੀ ਨੂੰ ਘੱਟ ਵੋਟਾਂ ਪਈਆਂ, ਧੀਰ ਸਾਹਿਬ ਜਿੱਤ ਗਏ। ਲੋਕਾਂ ਅਫਸੋਸ ਪ੍ਰਗਟ ਕਰਨਾ। ਭਾਅ ਜੀ ਨੇ ਗੱਲ ਬਦਲ ਕੇ ਆਪਣੀ ਮੁਹਾਰ ਲੋਕਾਂ ਨੂੰ ਸਿਆਣੇ ਬਣਾਉਣ ਦੇ ਫਿਕਰਾਂ ਵੱਲ ਮੋੜ ਲੈਣੀ...ਤੇ ਜਦੋਂ ਕੁੱਸੇ ਪਿੰਡ ਵਿਚ ਭਾਅ ਜੀ ਨੂੰ ਇਨਕਲਾਬੀ ਨਿਹਚਾ ਚਿੰਨ੍ਹ

ਨਾਲ ਲੋਕਾਂ ਵੱਲੋਂ ਸਨਮਾਨਿਆਂ ਗਿਆ ਤਾਂ ਹਜ਼ਾਰਾਂ ਪ੍ਰਸ਼ੰਸਕਾਂ ਦਾ ਇਕੱਠ ਦੇਖ ਧੀਰ ਸਾਹਿਬ ਨੇ ਬਿਆਨ ਦਿੱਤਾ ਕਿ ਕਿਸੇ ਲੇਖਕ ਜਾਂ ਕਲਾਕਾਰ ਦਾ ਏਨਾ ਜੋਸ਼ੀਲਾ ਸਤਿਕਾਰ ਮੈਂ ਪਹਿਲੀ ਵਾਰ ਦੇਖ ਰਿਹਾਂ...ਲੋਕਾਂ ਲਈ ਭਾਅ ਜੀ ਨਾਟਕਕਾਰ ਹਨ, ਰੰਗਕਰਮੀ ਹਨ, ਬਾਬਾ ਫਿਕਰਾਂ ਵਾਲਾ ਹਨ, ਸੰਗਰਾਮੀ ਯੋਧਾ ਹਨ, ਮਘਦਾ ਸੂਰਜ ਹਨ ਤੇ ਮੁੱਕਦੀ ਗੱਲ ਉਨ੍ਹਾਂ ਨੂੰ ਭਾਅ ਜੀ 'ਆਪਣੇ' ਲੱਗਦੇ ਹਨ, ਇਹ ਪਿਆਰ ਸਿਰਫ ਗੁਰਸ਼ਰਨ ਸਿੰਘ ਨੇ ਕਮਾਇਆ ਹੈ ਤੇ ਇਸ ਪਿਆਰ ਦਾ ਕੇਂਦਰੀ ਸੂਤਰ ਸਿਰਫ ਤੇ ਸਿਰਫ ਭਾਅ ਜੀ ਦੀ ਲੋਕ ਪੱਖੀ ਕਲਾ ਹੈ, ਹਿੰਦੁਸਤਾਨ ਵਿਚ ਜਿਹੜੇ ਵੱਡੇ ਨਾਵਾਂ ਵਾਲੇ ਨਾਟਕਕਾਰ ਹਨ, ਨਿਰਦੇਸ਼ਕ ਤੇ ਰੰਗਕਰਮੀ ਹਨ, ਪਰ ਕੋਈ ਭਾਅ ਜੀ ਨਹੀਂ ਬਣ ਸਕਿਆ। ਭਾਅ ਜੀ ਨੇ ਲੋਕ ਪੱਖੀ ਗੱਡੀ ਕਲਾ ਕਰਕੇ ਤੇਜ਼ ਜੁ ਭਜਾਈ ਸੀ ਸਾਰੀ ਉਮਰ।

ਬਾਹਰ ਸ਼ਮਸ਼ਾਨਘਾਟ ਵਾਲਿਆਂ ਦੀ ਗੱਡੀ ਪਹੁੰਚ ਗਈ ਹੈ, ਦਿਲਾਂ ਦੀਆਂ ਧੜਕਣਾਂ ਤੇਜ਼ ਹੋ ਗਈਆਂ ਹਨ। ਪੰਜਾਬ ਦੇ ਕੋਨੇ-ਕੋਨੇ ਤੋਂ ਪਹੁੰਚੇ ਨਾਟ ਅਦਕਾਰ ਆਪਣੇ ਬਾਪੂ ਦੇ ਦਰਸ਼ਨ ਕਰ ਰਹੇ ਹਨ। ਇਕ ਦੂਜੇ ਦੇ ਗਲੇ ਲੱਗ ਮਨ ਦਾ ਭਾਰ ਹੌਲਾ ਕਰ ਰਹੇ ਹਨ। ਭਾਅ ਜੀ ਦੀ ਯਾਤਰਾ ਦਾ ਅੰਤਮ ਪੜਾਅ ਨਜ਼ਦੀਕ ਆ ਗਿਆ ਹੈ, ਅੰਤਮ ਤਿਆਰੀਆਂ ਦਾ ਵੇਲਾ। ਪਰ ਇਹ ਤਿਆਰੀਆਂ ਕੀ ਨੇ...ਆਤਮਾ ਦੀ ਮੁਕਤੀ ਲਈ ਕੋਈ ਅਰਦਾਸ ਨਹੀਂ, ਬਲਕਿ ਭਾਅ ਜੀ ਦੇ ਕਲਾਕਾਰ ਭਾਅ ਜੀ ਦੇ ਚਿਹਰੇ ਵੱਲ ਦੇਖ ਇਨਕਲਾਬੀ ਗੀਤ ਗਾ ਰਹੇ ਹਨ—

*ਮਸ਼ਾਲਾਂ ਬਾਲ ਕੇ ਚੱਲਣਾ*
*ਜਦੋਂ ਤਕ ਰਾਤ ਬਾਕੀ ਹੈ,*
*ਸੰਭਲ ਕੇ ਹਰ ਕਦਮ ਰੱਖਣਾ*
*ਜਦੋਂ ਤਕ ਰਾਤ ਬਾਕੀ ਹੈ*

ਜਜ਼ਬਾਤੀ ਚਿਹਰਿਆਂ ਤੇ ਤਣੇ ਹੋਏ ਮੁੱਕਿਆਂ ਦੀ ਸ਼ਕਲ ਮਘਦੀਆਂ ਮਸ਼ਾਲਾਂ ਵਿਚ ਤਬਦੀਲ ਹੋ ਰਹੀ ਐ...ਨਵਸ਼ਰਨ, ਅਰੀਤ, ਅਤੁਲ, ਭਾਬੀ ਕੈਲਾਸ਼ ਮਾਣ ਨਾਲ ਆਪਣੇ ਗੁਰਸ਼ਰਨ ਸਿੰਘ ਦੇ ਆਪਣਿਆਂ ਦਾ ਜੋਸ਼ ਦੇਖ ਭਾਵੁਕ ਹੋ ਰਹੇ ਨੇ...ਅੱਖਾਂ 'ਚ ਪਾਣੀ ਹੈ, ਪਰ ਇਹ ਰੋਣਾ ਰੁਦਨ ਨਹੀਂ ਹੈ, ਵਿਰਲਾਪ ਨਹੀਂ ਹੈ, ਬਲਕਿ ਜ਼ਿੰਦਗੀ ਦੀ ਸਰਗਮ ਦਾ ਸੂਹਾ ਅਲਾਪ ਹੈ।

ਕਿਸਾਨ-ਮਜ਼ਦੂਰ ਹੱਥਾਂ 'ਚ ਝੰਡੇ ਫੜੀ ਭਾਅ ਜੀ ਦੇ ਘਰ ਵੱਲ ਆ ਰਹੇ ਹਨ, ਧੁੱਪਾਂ 'ਚ ਸਖਤ ਹੋਏ ਤਾਂਬੇ ਰੰਗੇ ਚਿਹਰੇ ਅਸਮਾਨ ਗੁੰਜਾਂਦੇ ਨਾਅਰਿਆਂ ਨਾਲ ਪੱਥਰਾਂ ਦੇ ਸ਼ਹਿਰ ਨੂੰ ਪਿਘਲਾਉਣ ਦੇ ਆਹਰ ਵਿਚ ਹਨ, ਆਪਣੇ ਨਾਇਕ ਦੇ ਦਰਸ਼ਨ ਕਰ ਰਹੇ ਹਨ ਕਤਾਰ ਬੰਨ੍ਹੇ...ਨਾਅਰਿਆਂ ਦੀ ਲੜੀ ਟੁੱਟਣ ਦਾ ਨਾਂਅ ਨਹੀਂ ਲੈ ਰਹੀ, ਭਾਅ ਜੀ ਦੀ ਦੇਹ ਘਰੋਂ ਬਾਹਰ ਵਿਹੜੇ 'ਚ ਲੈ ਆਂਦੀ ਹੈ, ਜਜ਼ਬਾਤ ਤੇ ਜੋਸ਼ ਦਾ ਮੂੰਹ ਤਿੱਖਾ ਹੋ ਰਿਹਾ ਹੈ, ਭਾਅ ਜੀ ਗੱਡੀ 'ਚ ਬਿਰਾਜਮਾਨ ਹੋ ਗਏ ਹਨ, ਮਗਰ ਅਸੀਂ

ਸਵਾਰ ਹੋ ਗਏ ਆਂ। ਭਾਅ ਜੀ ਦੇ ਚਾਰੇ ਪਾਸੇ ਮੋਰਚੇ ਮੱਲ ਲਏ ਹਨ, ਜਦੋਂ ਕਿਤੇ ਪ੍ਰੋਗਰਾਮ ਕਰਨ ਜਾਂਦੇ ਉਦੋਂ ਵੀ ਪਹਿਲਾਂ ਭਾਅ ਜੀ ਗੱਡੀ 'ਚ ਬੈਠਿਆ ਕਰਦੇ ਸਨ, ਫਿਰ ਭਾਅ ਜੀ ਦੇ ਚੇਲੇ...ਅੱਜ ਵੀ ਉਹੀ ਤਰਤੀਬ ਹੈ, ਸ਼ੀਸ਼ੇ ਦੇ ਤਾਬੂਤ 'ਚ ਭਾਅ ਜੀ ਦਾ ਚਿਹਰਾ ਨਜ਼ਰ ਆ ਰਿਹਾ ਐ, ਜਿਵੇਂ ਪੁੱਛ ਰਹੇ ਹੋਣ "ਸਾਰਾ ਸਾਮਾਨ ਰੱਖ ਲਿਆ ਏ ਨਾ, ਇਹ ਕਿਤਾਬ ਵੀ ਤੇ ਕਾਸਟਿਊਮ ਵੀ"...ਹਾਂਅ ਭਾਅ ਜੀ ਅਸੀਂ ਕੁਝ ਵੀ ਪਿੱਛੇ ਛੱਡ ਕੇ ਨਹੀਂ ਆਏ, ਸਭ ਨਾਲ ਲੈ ਆਏ ਆਂ,ਤੇਰੀ ਸੋਚ, ਤੇਰਾ ਮਕਸਦ, ਤੇਰੀ ਲੜਾਈ, ਤੇਰੇ ਫਿਕਰ, ਤੇਰਾ ਜੋਸ਼, ਤੇਰਾ ਹੋਸ਼, ਤੇਰਾ ਵਿਸ਼ਵਾਸ, ਤੇਰੀ ਜੰਗ ਏ ਅਵਾਮੀ ਦੀ ਲਲਕਾਰ...ਅਸੀਂ ਸਭ ਸੰਭਾਲ ਲਿਆ ਏ, ਭਾਅ ਜੀ ਅਸੀਂ ਹੁਣ ਵੱਡੇ ਹੋ ਗਏ ਆਂ...ਭਾਅ ਜੀ ਤੂੰ ਸਾਨੂੰ ਜਿਊਣ ਲਾਇਕ ਕਰ ਚੱਲਿਐਂ, ਸਾਨੂੰ ਤੇਰੇ ਵੱਲੋਂ ਕੁਝ ਦਿਨ ਪਹਿਲਾਂ ਦਿੱਤਾ ਹੋਕਾ ਯਾਦ ਏ ਕਿ ਅਸੀਂ ਜਿਉਂਦੇ ਹਾਂ, ਅਸੀਂ ਜੀਆਂਗੇ ਭਾਅ ਜੀ ਤੇਰੇ ਨਾਂਅ 'ਤੇ, ਅਸੀਂ ਲੜਾਂਗੇ ਭਾਅ ਜੀ। ਮੁੱਕਾ ਹਵਾ ਵਿਚ ਉੱਲਰਦਾ ਹੈ, ਨਾਅਰਾ ਚੰਡੀਗੜ੍ਹ ਦੀ ਫਿਜ਼ਾ ਨੂੰ ਕੰਬਣ ਲਗਾ ਦਿੰਦਾ ਹੈ, "ਭਾਅ ਜੀ ਤੇਰੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ"...ਨਾਅਰੇ ਮਾਰਦਾ ਕਾਫਲਾ ਸੜਕਾਂ 'ਤੇ ਨਿਕਲ ਆਇਆ, ਸੁੰਨ ਹੋਈ ਸੰਵੇਦਨਾ ਵਾਲੇ 'ਇਕੀਵੀਂ ਸਦੀਏ' ਚੰਡੀਗੜ੍ਹੀਏ ਅੱਖਾਂ ਪਾੜ-ਪਾੜ ਕੇ ਦੇਖ ਰਹੇ ਹਨ ਕਿ ਇਹ ਕੌਣ ਜਾ ਰਿਹਾ ਹੈ, ਸਿਰ ਝੁਕਾ ਰਹੇ ਹਨ, ਅਸੀਂ ਪਸੀਨੇ ਨਾਲ ਤਰ-ਬ-ਤਰ ਨਾਅਰਿਆਂ ਤੇ ਗੀਤਾਂ ਨੂੰ ਪੰਚਮ ਸੁਰਾਂ 'ਤੇ ਲੈ ਜਾਂਦੇ ਹਾਂ। "ਲੋਕ ਪੱਖੀ ਰੰਗਮੰਚ ਦੇ ਸੂਹੇ ਸੂਰਜ ਨੂੰ, ਲਾਲ ਸਲਾਮ।"

ਕਾਫਲਾ ਸ਼ਮਸ਼ਾਨਘਾਟ ਪਹੁੰਚ ਗਿਆ ਹੈ, ਪਹਿਲਾਂ ਤੋਂ ਹੀ ਮੌਜੂਦ ਲੋਕ ਅੰਤਮ ਦਰਸ਼ਨਾਂ ਲਈ ਉਮੜ ਪਏ ਹਨ, ਸ਼ਰਧਾਂਜਲੀਆਂ ਦਿੱਤੀਆਂ ਜਾ ਰਹੀਆਂ ਹਨ, ਨਵਸ਼ਰਨ ਦਾ ਜੀਵਨ ਸਾਥੀ ਅਤੁਲ ਅੰਤਾਂ ਦੀ ਸੂਝ ਦਾ ਪ੍ਰਗਟਾਵਾ ਕਰਦਿਆਂ ਗੁਰਸ਼ਰਨ ਸਿੰਘ ਨੂੰ ਲੋਕਾਂ ਦੇ ਸਪੁਰਦ ਕਰਕੇ ਕਹਿੰਦਾ ਹੈ, "ਪਾਪਾ ਤੁਹਾਡੇ ਸਾਰਿਆਂ ਦੇ ਨੇ, ਤੁਸੀਂ ਕਰੋ ਸਭ ਕੁਝ ਆਪਣੇ ਅਨੁਸਾਰ" ਵੱਖਰੀ ਸੋਚ ਦਾ ਮਾਲਕ ਜਿਸ ਆਲੇ ਦੁਆਲੇ 'ਚ ਵੱਸਦਾ ਹੈ, ਆਪਣੀ ਸੋਚ ਦਾ ਛੱਟਾ ਚਾਰੇ ਪਾਸੇ ਦੇ ਦਿੰਦਾ ਹੈ। ਉਸ ਦਾ ਝਲਕਾਰਾ ਅਤੁਲ, ਅਰੀਤ, ਨਵਸ਼ਰਨ ਦੇ ਵਰਤਾਅ 'ਚੋਂ ਡੁੱਲ੍ਹ-ਡੁੱਲ੍ਹ ਪੈ ਰਿਹਾ ਸੀ, ਅਸੀਂ ਦਿਲਾਂ 'ਤੇ ਹੱਥ ਰੱਖ ਅਹਿਦ ਲੈ ਰਹੇ ਸਾਂ, "ਭਾਅ ਜੀ ਗੁਰਸ਼ਰਨ ਸਿੰਘ ਵੱਲੋਂ ਆਰੰਭੇ ਲੋਕ ਪੱਖੀ ਸੰਗਰਾਮ ਨੂੰ ਜਾਰੀ ਰੱਖਾਂਗੇ, ਉਸ ਮਸ਼ਾਲ ਨੂੰ ਕਦੀ ਬੁੱਝਣ ਨਹੀਂ ਦਿਆਂਗੇ, ਕਿਉਂਕਿ ਆਉਣ ਵਾਲਾ ਸਮਾਂ ਇਸ ਤੋਂ ਵੀ ਬਿਖੜੇ ਪੈਂਡਿਆਂ ਵਾਲਾ ਹੋਵੇਗਾ,ਪਰ ਅਸੀਂ ਆਸਵੰਦ ਹਾਂ"...ਸ਼ਮਸ਼ਾਨਘਾਟ, ਜਿਥੇ ਹਰ ਰੋਜ਼ ਕੀਰਨੇ, ਸਿਆਪੇ, ਰੁਦਨ ਦੀ ਗੂੰਜ ਸੁਣਾਈ ਦਿੰਦੀ ਹੈ, ਅੱਜ ਜੋਸ਼ੀਲੇ ਨਾਅਰਿਆਂ ਤੇ ਯਕੀਨੀ ਅਹਿਦਨਾਮਿਆਂ ਨਾਲ ਧੜਕ ਉਠਿਆਂ ਹੈ। ਅਸੀਂ ਨਿੱਕੇ ਮੋਢਿਆਂ 'ਤੇ ਭਾਅ ਜੀ ਦੇ ਵੱਡੇ ਮੋਢੇ ਟਿਕਾ ਲਏ ਹਨ। ਭਾਅ ਜੀ ਦੀ ਦੇਹ ਨੂੰ ਅਗਨੀ ਦੇ ਸਪੁਰਦ ਕਰਨ ਜਾ ਰਹੇ ਹਾਂ। ਮਨ 'ਚ ਉਬਾਲਾ ਉੱਠਦਾ ਹੈ, ਕਿ ਅਸੀਂ ਭਾਅ ਜੀ ਨੂੰ ਹਮੇਸ਼ਾ ਲਈ ਛੱਡਣ

ਜਾ ਰਹੇ ਆਂ।...ਕੀ ਅਸੀਂ ਅੱਜ ਤੋਂ ਯਤੀਮ ਹੋਣ ਜਾ ਰਹੇ ਆਂ। ਹੁਣ ਨਾਟਕ ਮੇਲਿਆਂ ਦੀ ਸਰਦਾਰੀ ਕੌਣ ਕਰਿਆ ਕਰੇਗਾ, ਗਦਰੀ ਬਾਬਿਆਂ ਦੇ ਮੇਲੇ 'ਚ ਉੱਠੀ ਬਾਹ ਚੁੱਕ 'ਮੇਰੇ ਲੋਗੋ' ਕਹਿਣ ਵਾਲਾ ਸਦਾ ਲਈ ਚੁੱਪ ਹੋ ਜਾਵੇਗਾ। ਕੀ ਭਾਅ ਜੀ ਸੱਚਮੁੱਚ ਕਿਤੇ ਚਲੇ ਜਾਣਗੇ। ਮਨ ਦੇ ਧੁਰ ਕੋਨਿਓਂ ਕੁਝ ਲਫਜ਼ ਹੂੰਝਦਾ ਹਾਂ, ਕਹਾਲੀ ਨਾਲ ਤਰਤੀਬ ਦਿੰਦਾ ਹਾਂ, ਵਾਕ ਨਾਅਰਾ ਬਣ ਬੁੱਲ੍ਹਾਂ 'ਤੇ ਆ ਜਾਂਦਾ ਹੈ..."ਭਾਅ ਜੀ ਗੁਰਸ਼ਰਨ ਸਿੰਘ ਕਿਤੇ ਨਹੀਂ ਗਏ, ਭਾਅ ਜੀ ਸਾਡੇ ਦਿਲਾਂ 'ਚੋਂ ਹੈ।"

ਦਿਲ 'ਤੇ ਹੱਥ ਰੱਖ ਸਾਰਿਆਂ ਦੇ ਮਨ ਨਿਕਾਣੇ ਆ ਜਾਂਦੇ ਹਨ...ਭਾਅ ਜੀ ਕਿਤੇ ਨਹੀਂ ਗਏ, ਸਾਡੇ ਦਿਲਾਂ 'ਚ ਨੇ...ਦਿਲਾਂ ਵਿਚਲਾ ਗੁਰਸ਼ਰਨ ਸਿੰਘ ਸੰਭਾਲਦੇ ਅਸੀ ਭਾਅ ਜੀ ਦੇ ਦੇਹ ਨੂੰ ਅਗਨੀ ਦੇ ਸਪੁਰਦ ਕਰ ਆਏ ਹਾਂ...। ਚਾਰੇ ਪਾਸੇ ਹੁਣ ਚੁੱਪ ਹੈ, ਹੌਲੀ-ਹੌਲੀ ਡੁਸਕਣ ਦੀਆਂ ਆਵਾਜ਼ਾਂ ਆ ਰਹੀਆਂ ਹਨ, ਬੋਲ ਸ਼ਾਂਤ ਹੋ ਗਏ ਹਨ। ਸਵੈ ਮੰਥਨ ਦਾ ਵਕਤ ਹੈ, ਦਿਲ ਦਿਮਾਗ ਆਰਾਮ ਦੀ ਸਥਿਤੀ 'ਚ ਨਹੀਂ ਹੈ...ਇਹ ਕੌਣ ਸੀ ਜਿਸ ਨੂੰ ਵਿਦਾ ਕਰਕੇ ਆਏ ਹਾਂ...ਇਸ ਨਾਲ ਏਨਾ ਕਰੀਬੀ ਰਿਸ਼ਤਾ ਕਿਵੇਂ ਪੈਦਾ ਹੋ ਗਿਆ...ਇਹ ਜੋ ਲੂਸੇ ਚਿਹਰਿਆਂ ਵਾਲੇ ਹੱਥਾਂ 'ਚ ਝੰਡੇ ਚੁੱਕੀ ਭਾਅ ਜੀ ਦੀ ਯਾਤਰਾ 'ਚ ਆਏ ਨੇ, ਇਨ੍ਹਾਂ ਦਾ ਭਾਅ ਜੀ ਨਾਲ ਕੀ ਨਾਤਾ ਐ...ਭਾਅ ਜੀ ਐਸਾ ਕੀ ਕਰ ਗਿਆ ਕਿ ਸਾਰਾ ਪੰਜਾਬ, ਪੰਜਾਬੋਂ ਬਾਹਰ, ਦੇਸੋਂ ਬਾਹਰ ਬੈਠੇ ਲੋਕ ਉਸ ਨੂੰ ਯਾਦ ਕਰ ਜਜ਼ਬਾਤੀ ਹੋ ਰਹੇ ਹਨ...ਫੇਰ ਮੇਰੀਆਂ ਅੱਖਾਂ ਸਾਹਮਣੇ ਇਕ ਵਾਰ ਫੇਰ ਲੰਬੀ ਪਿੰਡ ਦਾ ਦ੍ਰਿਸ਼ ਉੱਭਰਦਾ ਹੈ...ਭਗਤ ਸਿੰਘ ਤੇ ਗੁਰਸ਼ਰਨ ਸਿੰਘ ਦੀਆਂ ਨਜ਼ਰਾਂ ਮਿਲ ਰਹੀਆਂ ਹਨ, ਦੋਵੇਂ ਮੁਸਕਰਾ ਰਹੇ ਹਨ, ਦੋਵੇਂ ਸੰਤੁਸ਼ਟ ਹਨ ਇਸ ਗੱਲੋਂ ਕਿ ਫਿਕਰਾਂ ਦੀ ਬਾਂਹ ਫੜਨ ਵਾਲੇ ਲੋਕ ਜ਼ਿੰਦਾ ਨੇ...ਇਹ ਪਿੰਡ ਸਮੇਂ ਦੀ ਸਿਆਸਤ ਦੇ ਵੱਡੇ ਭਲਵਾਨ ਦਾ ਆਖਾੜਾ ਹੈ ਪਰ ਲੋਕਾਂ ਦਾ ਮੁੱਖ ਮੰਤਰੀ ਸ. ਗੁਰਸ਼ਰਨ ਸਿੰਘ ਹੈ...ਪੰਜਾਬੀਆਂ ਦੇ ਦੋ ਮਹਾਂਨਾਇਕ ਇਮਮਿਕ ਹੋ ਗਏ ਹਨ। ਸਾਡਾ ਭਾਅ ਜੀ ਅੰਬਰੀਂ ਧਰੂ ਤਾਰਾ ਬਣ ਚਮਕਦਾ ਰਹੇਗਾ। ਪਿੰਡ 'ਚ ਆਮ ਗੱਲਬਾਤ ਦਾ ਹਿੱਸਾ ਹੁੰਦਾ ਕਿ ਫਲਾਨਿਆ ਬੰਦਾ ਬਣ ਜਾਂ ਕਿ ਢਿਮਕਾਣਿਆਂ ਤੈਨੂੰ ਤਾਂ ਮੰਨੀਏ ਜੇ ਬੰਦਾ ਬਣ ਕੇ ਵਿਖਾਵੇਂ।...ਸਾਡੇ ਭਾਅ ਜੀ, ਸਾਡੇ ਬਾਬੇ, ਸਾਰੇ ਗੁਰਸ਼ਰਨ ਸਿੰਘ ਨੇ ਬੰਦਾ ਬਣ ਕੇ ਦਿਖਾਇਆ ਏ...ਬਸ ਇਹੀ ਰਾਜ਼ ਐ ਲੋਕਾਂ ਦੇ ਮਨਾਂ 'ਤੇ ਰਾਜ਼ ਕਰਨ ਦਾ...ਬੰਦਿਆਂ!! ਅਸੀਂ ਤੇਰੇ ਅਧੂਰੇ ਕਾਰਜ ਨੂੰ ਪੂਰਾ ਕਰਨ ਲਈ ਪੂਰੀ ਵਾਹ ਲਾ ਦਿਆਂਗੇ...ਤੂੰ ਸਾਨੂੰ ਰਾਹ ਦਿਖਾ ਚੱਲਿਐਂ, ਦਿਮਾਗਾਂ 'ਚ ਸਹੀ ਸੇਧ ਤੇ ਸਪਸ਼ਟ ਨਿਸ਼ਾਨੇ ਦੀ ਬੱਤੀ ਧੁਖਾ ਚੱਲਿਐਂ...ਹੁਣ ਦੇਖ ਅਸੀਂ ਕਿਵੇਂ ਮਘਦੇ ਕੋਲਿਆਂ 'ਤੇ ਨੱਚਾਂਗੇ, ਚਾਨਣਾਂ ਦਾ ਛੱਟਾ ਵਿਹੜਿਆਂ, ਬਸਤੀਆਂ 'ਚ ਦਿਆਂਗੇ ਤੇ ਜ਼ਿੰਦਗੀ ਦੇ ਗੀਤ ਗਾਵਾਂਗੇ। ਤੂੰ ਸਾਡੇ ਦਿਲਾਂ 'ਚ ਮਘਦਾ ਰਹੀ, ਭਾਈ ਮੰਨਾ ਸਿਆਂ! ਲਾਲ ਸਲਾਮ!